19-Oct-Punjab-2Star.qxd 10/19/2025 10:01 PM Page 2






ਉੱਤਰ ਪ੍ਰਦੇਸ਼ 'ਚ ਦੀਵਾਲੀ ਤਿਉਹਾਰ ਦੌਰਾਨ ਮਦਨ ਮੋਹਨ ਮਾਲਵੀਆ ਸਟੇਡੀਅਮ 'ਚ ਦੀਵੇ ਬਾਲ ਕੇ ਕੀਤੀ ਗਈ ਸਜਾਵਟ ਅਤੇ ਆਤਿਸ਼ਬਾਜ਼ੀ ਨਾਲ ਚਮਕ ਰਿਹਾ ਅਸਮਾਨ।

# ਫਸੇ ਯਾਤਰੀਆਂ ਨੂੰ ਵਾਪਸ ਲਿਆਉਣ ਲਈ ਏਅਰ ਇੰਡੀਆ ਐਤਵਾਰ ਨੂੰ ਮਿਲਾਨ ਉਡਾਣ ਚਲਾਏਗੀ

ਨਵੀਂ ਦਿੱਲੀ, 19 ਅਕਤੂਬਰ (ਪੀ. ਟੀ. ਆਈ.)-ਏਅਰ ਇੰਡੀਆ ਐਤਵਾਰ ਨੂੰ ਮਿਲਾਨ ਤੋਂ ਦਿੱਲੀ ਲਈ ਇੱਕ ਵਿਸ਼ੇਸ਼ ਉਡਾਣ ਚਲਾਏਗੀ ਤਾਂ ਜੋ ਇਟਲੀ ਦੇ ਸ਼ਹਿਰ ਵਿਚ ਫਸੇ ਯਾਤਰੀਆਂ ਨੂੰ ਵਾਪਸ ਲਿਆਂਦਾ ਜਾ ਸਕੇ, ਕਿਉਂਕਿ ਡ੍ਰੀਮਲਾਈਨਰ ਜਹਾਜ਼ ਵਿਚ ਤਕਨੀਕੀ ਸਮੱਸਿਆ ਕਾਰਨ ਏਅਰਲਾਈਨ ਨੇ ਸ਼ੁੱਕਰਵਾਰ ਨੂੰ ਆਪਣੀ ਉਡਾਣ ਰੱਦ ਕਰ ਦਿੱਤੀ ਸੀ। ਸ਼ੁੱਕਰਵਾਰ ਨੂੰ ਉਡਾਣ ਰੱਦ ਹੋਣ ਤੋਂ ਬਾਅਦ 250 ਤੋਂ ਵੱਧ ਯਾਤਰੀ ਮਿਲਾਨ ਵਿਚ ਫਸ ਗਏ ਸਨ। ਏਅਰਲਾਈਨ ਨੇ ਐਤਵਾਰ ਨੂੰ ਕਿਹਾ ਕਿ ਉਹ ਅੱਜ ਮਿਲਾਨ ਤੋਂ ਦਿੱਲੀ ਲਈ ਇੱਕ ਉਡਾਣ ਚਲਾਏਗੀ ਤਾਂ ਜੋ ਫਲਾਈਟ ਏ.ਆਈ. 138 ਦੇ ਯਾਤਰੀਆਂ ਨੂੰ ਠਹਿਰਾਇਆ ਜਾ ਸਕੇ, ਜੋ ਕਿ 17 ਅਕਤੂਬਰ ਨੂੰ ਤਕਨੀਕੀ ਸਮੱਸਿਆ ਕਾਰਨ ਰੱਦ ਕਰ ਦਿੱਤੀ ਗਈ ਸੀ। ਇਹ ਯਕੀਨੀ ਬਣਾਉਣ ਲਈ ਕਿ ਪ੍ਰਭਾਵਿਤ ਯਾਤਰੀ ਤਿਉਹਾਰਾਂ ਦੇ ਮੌਕੇ 'ਤੇ ਸਮੇਂ ਸਿਰ ਭਾਰਤ ਘਰ ਵਾਪਸ ਆ ਸਕਣ, ਸਾਡੀਆਂ ਟੀਮਾਂ ਨੇ ਮਿਲਾਨ ਵਿਖੇ ਜਹਾਜ਼ 'ਤੇ ਸੁਧਾਰ ਪ੍ਰਕਿਰਿਆ ਨੂੰ ਤੇਜ਼ ਕੀਤਾ ਤੇ ਇੱਕ ਵਾਧੂ ਵਪਾਰਕ ਉਡਾਣ, ਏ.ਆਈ. 138ਡੀ ਚਲਾਉਣ ਲਈ ਜ਼ਰੂਰੀ ਪ੍ਰਵਾਨਗੀਆਂ ਪ੍ਰਾਪਤ ਕੀਤੀਆਂ, ਜੋ ਸਥਾਨਕ ਸਮੇਂ ਅਨੁਸਾਰ 1900 ਵਜੇ ਮਿਲਾਨ ਤੋਂ ਰਵਾਨਾ ਹੋਵੇਗੀ ਤੇ 20 ਅਕਤੂਬਰ ਦੀ ਸਵੇਰ ਨੂੰ ਦਿੱਲੀ ਪਹੁੰਚੇਗੀ। ਏਅਰਲਾਈਨ ਨੇ ਇਹ ਵੀ ਕਿਹਾ ਕਿ ਉਸਦੀਆਂ ਟੀਮਾਂ ਪ੍ਰਭਾਵਿਤ ਯਾਤਰੀਆਂ ਤੱਕ ਸਰਗਰਮੀ ਨਾਲ ਪਹੁੰਚ ਕਰ ਰਹੀਆਂ ਹਨ। ਸ਼ੁੱਕਰਵਾਰ ਨੂੰ ਉਡਾਣ ਏ.ਆਈ. 138ਡੀ ਨੂੰ ਬੋਇੰਗ 787-8 ਜਹਾਜ਼ ਨਾਲ ਚਲਾਇਆ ਜਾਣਾ ਸੀ, ਜਿਸਨੂੰ ਡ੍ਰੀਮਲਾਈਨਰ ਵੀ ਕਿਹਾ ਜਾਂਦਾ ਹੈ।

# ਯੂਕਰੇਨ ਵਲੋਂ ਡਰੋਨ ਨਾਲ ਰੂਸ ਦੇ ਮੁੱਖ ਗੈਸ ਪਲਾਂਟ 'ਤੇ ਹਮਲਾ

ਕੀਵ, 19 ਅਕਤੂਬਰ (ਏ ਪੀ)-ਰੂਸੀ ਸਥਾਨਕ ਗਵਰਨਰ ਨੇ ਦੱਸਿਆ ਕਿ ਯੂਕਰੇਨੀ ਡਰੋਨ ਨੇ ਰਾਤ ਨੂੰ ਦੱਖਣੀ ਰੂਸ ਦੇ ਇਕ ਮੁੱਖ ਗੈਸ ਪ੍ਰੋਸੈਸਿੰਗ ਪਲਾਂਟ 'ਤੇ ਹਮਲਾ ਕੀਤਾ, ਜਿਸ ਨਾਲ ਅੱਗ ਲੱਗ ਗਈ। ਕਜ਼ਾਖ ਸਰਹੱਦ ਦੇ ਕੋਲ ਇਸੇ ਨਾਂਅ ਦੇ ਇਕ ਖੇਤਰ 'ਚ ਸਥਿਤ, ਸਰਕਾਰੀ ਗੈਸ ਕੰਪਨੀ ਗਜ਼ਪ੍ਰੋਮ ਵਲੋਂ ਸੰਚਾਲਿਤ ਓਰੇਨਬਰਗ ਪਲਾਂਟ, ਇਕ ਉਤਪਾਦਨ ਅਤੇ ਪ੍ਰੋਸੈਸਿੰਗ ਕੰਪਲੈਕਸ ਦਾ ਹਿੱਸਾ ਹੈ ਜੋ ਆਪਣੀ ਤਰ੍ਹਾਂ ਦੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਸੁਵਿਧਾਵਾਂ 'ਚੋਂ ਇਕ ਹੈ, ਜਿਸਦੀ ਸਾਲਾਨਾ ਸਮਰੱਥਾ 45 ਬਿਲੀਅਨ ਕਿਊਬਿਕ ਮੀਟਰ ਹੈ। ਖੇਤਰੀ ਗਵਰਨਰ ਯੇਵਗੇਨੀ ਸੋਲਨਤਸੇਵ ਦੇ ਅਨੁਸਾਰ, ਡਰੋਨ ਹਮਲਿਆਂ ਨੇ ਪਲਾਂਟ ਦੀ ਇਕ ਕਾਰਜਸ਼ਾਲਾ 'ਚ ਅੱਗ ਲਗਾ ਦਿੱਤੀ ਅਤੇ ਉਸ ਦਾ ਇਕ ਹਿੱਸਾ ਨੁਕਸਾਨਿਆ ਗਿਆ। ਸੋਲਨਤਸੇਵ ਨੇ ਕਿਹਾ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰੂਸ ਦੇ ਰੱਖਿਆ ਮੰਤਰਾਲੇ ਨੇ ਐਤਵਾਰ ਤੜਕੇ ਇਕ ਬਿਆਨ 'ਚ ਕਿਹਾ ਕਿ ਉਸਦੇ ਹਵਾਈ ਰੱਖਿਆ ਬਲਾਂ ਨੇ ਰਾਤ ਦੇ ਦੌਰਾਨ 45 ਯੂਕਰੇਨੀ ਡਰੋਨਾਂ ਨੂੰ ਡੇਗ ਦਿੱਤਾ।



ਦਿੱਲੀ ਸਰਕਾਰ ਦੇ ਦੀਵਾਲੀ ਜਸ਼ਨਾਂ ਦੇ ਹਿੱਸੇ ਵਜੋਂ ਇੰਡੀਆ ਗੇਟ ਨੇੜੇ ਕਰਤੱਵਿਆ ਮਾਰਗ 'ਤੇ ਵਲੰਟੀਅਰਾਂ ਦੁਆਰਾ ਉਡਾਏ ਡਰੋਨ ਆਸਮਾਨ 'ਚ ਦੀਵੇ ਜਗਾਉਂਦੀ ਇਕ ਔਰਤ ਦੀ ਕਲਾਕ੍ਰਿਤੀ ਬਣਾਉਂਦੇ ਹੋਏ।


"ਸਾਡਾ ਮਾਣ, ਸਾਡੀ ਸ਼ਾਨ, ਬਰਨਾਲਾ ਪੁਲਿਸ ਦੇ ਸ਼ਹੀਦ ਜਵਾਨ"
ਬਰਨਾਲਾ ਪੁਲਿਸ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ।

ਆਖਰੀ ਦਮ ਤੱਕ ਡਿਊਟੀ ਨਿਭਾਉਣਾ ਪੁਲਿਸ ਦਾ ਫਰਜ਼



ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਬਰਨਾਲਾ



Sh. Gaurav Yadav, IPS DGP, PB, Chd. | Sh. Kuldeep Singh Chahal IPS DIG PTA. Range, Patiala | Md. Sarfaraz Alam, IPS SSP Barnala | Sh. Ashok Kumar, PPS SP Inv. Barnala | Sh. Sohan Lal PPS SP HQ, Barnala | Sh. Kulwant Singh PPS DSP Homicide & Forensics Barnala | Sh. Kamaljit Singh PPS DSP NDPS Barnala | Sh. Paramjit Singh PPS, DSP (Hqrs) Barnala | Sh. Baljit Singh PPS DSP Special & Criminal Intelligence Barnala | Sh. Rajinder Pal Singh PPS DSP Detective Barnala

Smt. Jaswinder Kaur PPS, DSP CAW & C Barnala | Sh. Satveer Singh PPS DSP Sub-Division Barnala | Sh. Jaspal Singh PPS, DSP Sub Division Mehal Kalan | Sh. Gurbinder Singh PPS DSP Sub-Division Tapa | Insp. Lakhwinder Singh 64/PR SHO City-1, Barnala | Insp. Jagjit Singh 356/SGR SHO PS Sadar BNL | Insp. Gurwinder Singh 178/BTR SHO PS Bhadaur | Insp. Lakhvir Singh 45/PR SHO PS Dhanaula | Insp. Baljit Singh No. 509/BNL I/C SPL & CIA Staff, BNL | Insp Sherwinder Singh 396/SGR I/C Traffic, Barnala

SI Sarabjit Singh 698/BnL SHO PS Mehal Kalan | SI Sharif Khan 86/BNL SHO PS Tapa | SI Balwinder Singh 684/BNL SHO PS Thuliwal | SI Gurpal Singh 421/BNL, SHO PS Rureke Kalan | P/SI Gurmandar Singh 118/PR SHO PS Sehna | P/SI Nirmaljit Singh 105/PR SHO PS Tallewal | SI/LR Charanjit Singh 589/BNL SHO City-2, Barnala | ASI Gursimranjit Singh, 634/Bnl I/C PP Handiaya | ASI Karamjit Singh 628/BNL I/C PP Tapa | ASI Gurtej Singh 307/BNL I/C PP Bus Stand BNL | ASI Baljinder Singh 656/BNL I/C PP Pakho Kalan


# ਓਵੈਸੀ ਵਲੋਂ ਬਿਹਾਰ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ

ਪਟਨਾ, 19 ਅਕਤੂਬਰ (ਪੀ. ਟੀ. ਆਈ.)-ਅਸਦੂਦੀਨ ਓਵੈਸੀ ਦੀ ਪਾਰਟੀ ਏ. ਆਈ. ਐਮ. ਆਈ. ਐਮ., ਜਿਸ ਨੇ 'ਇੰਡੀਆ' ਗਠਜੋੜ ਵਲੋਂ ਠੁਕਰਾਏ ਜਾਣ ਤੋਂ ਬਾਅਦ ਬਿਹਾਰ ਚੋਣਾਂ 'ਚ 100 ਸੀਟਾਂ 'ਤੇ ਚੋਣ ਲੜਨ ਦਾ ਦਾਅਦਾ ਕੀਤਾ ਸੀ, ਨੇ ਐਤਵਾਰ ਨੂੰ 25 ਉਮੀਦਵਾਰਾਂ ਦਾ ਐਲਾਨ ਕੀਤਾ, ਜਿਨ੍ਹਾਂ 'ਚ ਦੋ ਗੈਰ-ਮੁਸਲਮਾਨ ਹਨ। ਪਾਰਟੀ ਦੁਆਰਾ ਸਾਂਝੀ ਕੀਤੀ ਗਈ ਇਹ ਸੂਚੀ, ਜਿਸ 'ਚ ਏ.ਆਈ.ਐਮ.ਆਈ.ਐਮ. ਦੇ ਸੂਬਾ ਪ੍ਰਧਾਨ ਤੇ ਬਿਹਾਰ 'ਚ ਇਸ ਦੇ ਇਕਲੌਤੇ ਵਿਧਾਇਕ ਅਖਤਰੁਲ ਇਮਾਨ ਦਾ ਨਾਂਅ ਸ਼ਾਮਿਲ ਹੈ।



ਓਵੈਸੀ ਨੇ 'ਐਕਸ' 'ਤੇ ਪੋਸਟ ਰਾਹੀਂ ਕਿਹਾ ਕਿ ਉਨ੍ਹਾਂ ਨੂੰ ਬਿਹਾਰ ਚੋਣਾਂ 'ਚ ਉਮੀਦਵਾਰਾਂ ਦੀ ਸੂਚੀ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ, ਪਾਰਟੀ ਦੁਆਰਾ ਇਹ ਸੂਚੀ ਰਾਸ਼ਟਰੀ ਲੀਡਰਸ਼ਿਪ ਦੀ ਸਲਾਹ ਨਾਲ ਤਿਆਰ ਕੀਤੀ ਗਈ ਹੈ। ਉਨ੍ਹਾਂ ਜ਼ੋਰ ਦਿੰਦੀਆਂ ਕਿਹਾ ਕਿ ਅਸੀਂ ਬਿਹਾਰ ਦੇ ਕਮਜ਼ੋਰ ਤੇ ਅਣਗੌਲੇ ਲੋਕਾਂ ਦੀ ਆਵਾਜ਼ ਬਣਾਂਗੇ।

# ਟਰੰਪ ਨੇ ਕੋਲੰਬੀਆ ਦੇ ਰਾਸ਼ਟਰਪਤੀ ਨੂੰ ਕਿਹਾ 'ਡਰੱਗ ਡੀਲਰ'

## ਅਮਰੀਕੀ ਸਹਾਇਤਾ ਰੋਕਣ ਦਾ ਕੀਤਾ ਐਲਾਨ

ਪਾਮ ਬੀਚ, 19 ਅਕਤੂਬਰ (ਏਜੰਸੀ)-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੇਤਰੋ 'ਤੇ ਹਮਲਾ ਬੋਲਦੇ ਹੋਏ ਉਨ੍ਹਾਂ ਨੂੰ 'ਗੈਰਕਾਨੂੰਨੀ ਡਰੱਗ ਡੀਲਰ' ਕਰਾਰ ਦਿੱਤਾ ਅਤੇ ਕਿਹਾ ਕਿ ਉਹ ਕੋਲੰਬੀਆ ਨੂੰ ਮਿਲਣ ਵਾਲੀ ਅਮਰੀਕੀ ਸਹਾਇਤਾ ਬੰਦ ਕਰ ਦੇਣਗੇ। ਫਲੋਰੀਡਾ 'ਚ ਆਪਣੇ ਮਾਰ-ਏ-ਲਾਗੋ ਰਿਜ਼ਾਰਟ ਤੋਂ ਕੀਤੀ ਸੋਸ਼ਲ ਮੀਡੀਆ ਪੋਸਟ 'ਚ ਟਰੰਪ ਨੇ ਕਿਹਾ ਕਿ ਪੇਤਰੋ ਬੇਹੱਦ ਕਮਜ਼ੋਰ ਨੇਤਾ ਹਨ, ਜੋ ਦੇਸ਼ 'ਚ ਨਸ਼ੀਲੇ ਪਦਾਰਥਾਂ ਨੂੰ ਰੋਕਣ ਲਈ ਕੁਝ ਨਹੀਂ ਕਰਦੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪੇਤਰੋ ਨੇ ਨਸ਼ੇ ਦੇ ਕਾਰੋਬਾਰ ਨੂੰ ਨਹੀਂ ਰੋਕਿਆ ਤਾਂ ਅਮਰੀਕਾ ਖੁਦ ਇਸ ਨੂੰ ਬੰਦ ਕਰ ਦੇਵੇਗਾ। ਟਰੰਪ ਨੇ ਕਿਹਾ ਕਿ ਪੇਤਰੋ ਦੇਸ਼ 'ਚ ਵੱਡੇ ਤੇ ਛੋਟੇ ਪੱਧਰ 'ਤੇ ਨਸ਼ੇ ਦੇ ਉਤਪਾਦਨ ਨੂੰ ਉਤਸ਼ਾਹਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਪਹਿਲਾਂ ਹੀ ਕੋਲੰਬੀਆ ਨੂੰ ਵੱਡੀ ਰਕਮ ਤੇ ਸਬਸਿਡੀ ਦੇ ਚੁੱਕਾ ਹੈ, ਪਰ ਇਸ ਦੇ ਬਾਵਜੂਦ ਪੇਤਰੋ ਕੁਝ ਨਹੀਂ ਕਰ ਰਹੇ। ਟਰੰਪ ਨੇ ਕਿਹਾ ਕਿ ਅੱਜ ਤੋਂ ਇਹ ਭੁਗਤਾਨ ਜਾਂ ਸਬਸਿਡੀ ਕੋਲੰਬੀਆ ਨੂੰ ਨਹੀਂ ਦਿੱਤੀ ਜਾਏਗੀ। ਉਨ੍ਹਾਂ ਪੇਤਰੋ 'ਤੇ ਅਣ-ਉਚਿਤ ਵਿਵਹਾਰ ਕਰਨ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਦਾ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਤੇ ਕੋਲੰਬੀਆ ਵਿਚਾਲੇ ਤਣਾਅ ਪਿਛਲੇ ਕੁਝ ਸਮੇਂ ਤੋਂ ਵੱਧ ਰਿਹਾ ਹੈ।

# ਮਥੁਰਾ ਦੇ ਬਾਂਕੇ ਬਿਹਾਰੀ ਮੰਦਿਰ ਦਾ ਖਜ਼ਾਨਾ ਕਮਰਾ 54 ਸਾਲਾਂ ਬਾਅਦ ਖੁੱਲ੍ਹਾ

ਮਥੁਰਾ, (ਉੱਤਰ ਪ੍ਰਦੇਸ਼) 19 ਅਕਤੂਬਰ (ਪੀ. ਟੀ. ਆਈ.)-ਮਥੁਰਾ ਸਥਿਤ ਬਾਂਕੇ ਬਿਹਾਰੀ ਮੰਦਿਰ ਦੇ 'ਤੋਸ਼ਖਾਨਾ' (ਖਜ਼ਾਨਾ), ਜੋ 1971 ਤੋਂ ਬੰਦ ਸੀ, ਸਨਿਚਰਵਾਰ ਨੂੰ ਸੁਪਰੀਮ ਕੋਰਟ ਵਲੋਂ ਗਠਿਤ ਕਿ ਉੱਚ ਅਧਿਕਾਰ ਕਮੇਟੀ ਦੇ ਆਦੇਸ਼ 'ਤੇ ਖੋਲ੍ਹਿਆ ਗਿਆ। 'ਤੋਸ਼ਖਾਨਾ' ਮੰਦਿਰ ਦੇ ਪਵਿੱਤਰ ਸਥਾਨ ਦੇ ਨਾਲ ਕਮਰਾ ਹੈ। ਸੁਪਰੀਮ ਕੋਰਟ ਨੇ ਅਗਸਤ 2025 ਦੇ ਆਪਣੇ ਆਦੇਸ਼ 'ਚ ਮੰਦਿਰ ਦੇ ਰੋਜ਼ਾਨਾ ਕੰਮਾਂ ਦੀ ਦੇਖਰੇਖ ਦੇ ਲਈ ਇਲਾਹਾਬਾਦ ਹਾਈ ਕੋਰਟ ਦੇ ਸੇਵਾਮੁਕਤ ਜੱਜ ਅਸ਼ੋਕ ਕੁਮਾਰ ਦੀ ਪ੍ਰਧਾਨਗੀ 'ਚ 12 ਮੈਂਬਰੀ ਉੱਚ ਅਧਿਕਾਰ ਪ੍ਰਾਪਤ ਅੰਤ੍ਰਿਮ ਕਮੇਟੀ ਦਾ ਗਠਨ ਕੀਤਾ ਸੀ। ਏ ਡੀ ਐੱਮ (ਵਿੱਤ ਅਤੇ ਮਾਲੀਆ) ਡਾ. ਪੰਕਜ ਕੁਮਾਰ ਵਰਮਾ ਨੇ ਦੱਸਿਆ ਕਿ ਸਿਵਲ ਜੱਜ ਜੂਨੀਅਰ ਡਵੀਜ਼ਨ ਦੇ ਦੇਖਰੇਖ 'ਚ 4 ਗੋਸਵਾਮੀ ਮੈਂਬਰਾਂ ਸਮੇਤ ਹੋਰ ਮੈਂਬਰਾਂ ਦੇ ਨਾਲ ਕਮਰਾ ਖੋਲ੍ਹਿਆ ਗਿਆ। ਕਮਰੇ 'ਚ ਕੁਝ ਪਿੱਤਲ ਦੇ ਭਾਂਡੇ ਅਤੇ ਲਕੜੀ ਦਾ ਸਮਾਨ ਮਿਲਿਆ ਅਤੇ ਕੋਈ ਕੀਮਤੀ ਧਾਤ ਨਹੀਂ ਮਿਲੀ। ਕੁਝ ਬਕਸੇ ਅਤੇ ਲਕੜੀ ਦੇ ਸੰਦੂਕ ਮਿਲੇ। ਕਮਰੇ ਨੂੰ ਮੁੜ ਬੰਦ ਕਰ ਦਿੱਤਾ ਗਿਆ।

# ਪੰਜਾਬ ਦੇ ਕਿਸਾਨਾਂ ਲਈ ਕੇਂਦਰ ਵਲੋਂ ਰਾਹਤ ਦੇ ਸੰਕੇਤ

ਚੰਡੀਗੜ੍ਹ, 19 ਅਕਤੂਬਰ (ਸੰਦੀਪ ਕੁਮਾਰ ਮਾਹਨਾ) - ਹੜ੍ਹ ਨਾਲ ਤਬਾਹ ਹੋਈਆਂ ਫ਼ਸਲਾਂ ਕਾਰਨ ਪੰਜਾਬ ਦੇ ਕਿਸਾਨਾਂ ਲਈ ਕੇਂਦਰ ਸਰਕਾਰ ਵਲੋਂ ਰਾਹਤ ਦੇ ਸੰਕੇਤ ਮਿਲ ਰਹੇ ਹਨ। ਸਰਕਾਰ ਇਸ ਸਾਲ ਝੋਨੇ ਦੀ ਖਰੀਦ ਨੀਤੀ 'ਚ ਛੂਟ ਦੇਣ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਇਸ ਸਬੰਧੀ ਕੇਂਦਰ ਦੀ 14 ਮੈਂਬਰੀ ਟੀਮ ਨੇ ਸੂਬੇ ਦੇ 19 ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦਾ ਦੌਰਾ ਕਰਦੇ ਹੋਏ ਫ਼ਸਲਾਂ ਦੇ ਨਮੂਨੇ ਇਕੱਠੇ ਕੀਤੇ ਹਨ। ਟੀਮ ਵਲੋਂ ਸਰਵੇ ਪੂਰਾ ਕਰ ਲਿਆ ਗਿਆ ਹੈ, ਜਿਸ ਦੀ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪੀ ਜਾਵੇਗੀ, ਜਿਸ ਦੇ ਆਧਾਰ 'ਤੇ ਅਗਲਾ ਫ਼ੈਸਲਾ ਲਿਆ ਜਾਵੇਗਾ। ਪੰਜਾਬ ਸਰਕਾਰ ਨੇ 12 ਅਕਤੂਬਰ ਨੂੰ ਕੇਂਦਰੀ ਖੁਰਾਕ ਮੰਤਰਾਲੇ ਨੂੰ ਪੱਤਰ ਭੇਜ ਝੋਨੇ ਦੀ ਖਰੀਦ ਦੇ ਨਿਯਮਾਂ 'ਚ ਛੋਟ ਦੀ ਮੰਗ ਕੀਤੀ ਸੀ। ਸਰਕਾਰ ਨੇ ਆਪਣੇ ਪੱਤਰ 'ਚ ਕਿਹਾ ਸੀ ਕਿ 1987 ਤੋਂ ਬਾਅਦ ਇਹ ਸਭ ਤੋਂ ਵੱਡੀ ਕੁਦਰਤੀ ਆਫ਼ਤ ਹੈ, ਜਿਸ ਨਾਲ ਫ਼ਸਲਾਂ ਨੂੰ ਗੰਭੀਰ ਨੁਕਸਾਨ ਹੋਇਆ ਹੈ।

### ਝੋਨੇ ਦੀ ਖਰੀਦ ਨੀਤੀ 'ਚ ਛੋਟ 'ਤੇ ਵਿਚਾਰ, ਹੜ੍ਹ ਪ੍ਰਭਾਵਿਤ ਖੇਤਰਾਂ ਦਾ ਸਰਵੇ ਹੋਇਆ ਪੂਰਾ

### ਹੜ੍ਹਾਂ ਕਾਰਨ 5 ਲੱਖ ਏਕੜ ਫ਼ਸਲ ਹੋਈ ਸੀ ਤਬਾਹ

ਹੜ੍ਹ ਅਤੇ ਲਗਾਤਾਰ ਭਾਰੀ ਮੀਂਹ ਕਾਰਨ ਸੂਬੇ 'ਚ ਲਗਭਗ 5 ਲੱਖ ਏਕੜ ਖੇਤੀਬਾੜੀ ਜ਼ਮੀਨ ਦੀ ਫ਼ਸਲ ਪੂਰੀ ਤਰ੍ਹਾਂ ਬਰਬਾਦ ਹੋ ਗਈ ਸੀ, ਜਦਕਿ ਜੋ ਫ਼ਸਲ ਬਚ ਗਈ, ਉਸ ਦੀ ਗੁਣਵੱਤਾ 'ਤੇ ਵੀ ਭਾਰੀ ਅਸਰ ਪਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਕੇਂਦਰ ਸਰਕਾਰ ਖਰੀਦ ਮਾਪਦੰਡਾਂ 'ਚ ਢਿੱਲ ਦਿੰਦੀ ਹੈ ਤਾਂ ਹਜ਼ਾਰਾਂ ਕਿਸਾਨਾਂ ਨੂੰ ਵੱਡਾ ਆਰਥਿਕ ਲਾਭ ਮਿਲੇਗਾ। ਜ਼ਿਕਰਯੋਗ ਹੈ ਕਿ ਅਗਸਤ ਮਹੀਨੇ 'ਚ ਆਏ ਹੜ੍ਹਾਂ ਕਾਰਨ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਤਬਾਹੀ ਹੋਈ ਸੀ। ਡੈਮਾਂ 'ਚੋਂ ਛੱਡੇ ਪਾਣੀ ਨਾਲ ਦਰਿਆਵਾਂ 'ਚ ਉਫ਼ਾਨ ਆ ਗਿਆ ਸੀ, ਜਦਕਿ ਸਤੰਬਰ ਮਹੀਨੇ 'ਚ ਵੀ ਹਾਲਾਤ ਗੰਭੀਰ ਰਹੇ। ਇਸ ਤੋਂ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਨੇ 5 ਸਤੰਬਰ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਸਤੰਬਰ ਨੂੰ ਪੰਜਾਬ ਆ ਕੇ 1600 ਕਰੋੜ ਰੁਪਏ ਦੇ ਰੀਲਿਫ਼ ਪੈਕੇਜ ਦਾ ਐਲਾਨ ਕੀਤਾ ਸੀ।

ਦੂਜੇ ਪਾਸੇ, ਪੰਜਾਬ ਸਰਕਾਰ ਵਲੋਂ ਪ੍ਰਤੀ ਏਕੜ 20 ਹਜ਼ਾਰ ਰੁਪਏ ਮੁਆਵਜ਼ਾ ਰਾਸ਼ੀ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਮਾਨ ਨੇ ਅਜਨਾਲਾ (ਅੰਮ੍ਰਿਤਸਰ) ਤੋਂ ਕੀਤੀ ਸੀ। ਇਸ ਤੋਂ ਬਾਅਦ ਸੂਬੇ ਦੇ ਕੈਬਨਿਟ ਮੰਤਰੀ ਵੱਖ-ਵੱਖ ਜ਼ਿਲ੍ਹਿਆਂ 'ਚ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਵੰਡ ਰਹੇ ਹਨ। ਇਸ ਪੂਰੇ ਮਾਮਲੇ ਨੂੰ ਦੇਖਦੇ ਹੋਏ ਉਮੀਦ ਜਤਾਈ ਜਾ ਰਹੀ ਹੈ ਕਿ ਇਸ ਵਾਰੀ ਕੇਂਦਰ ਸਰਕਾਰ ਵਲੋਂ ਝੋਨੇ ਦੀ ਖਰੀਦ ਦੇ ਨਿਯਮਾਂ 'ਚ ਵਿਸ਼ੇਸ਼ ਰਾਹਤ ਦੇ ਕੇ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਸਹਾਇਤਾ ਦਿੱਤੀ ਜਾ ਸਕਦੀ ਹੈ।

# ਡੋਪ ਟੈੱਸਟ ਦੀਆਂ ਨਕਲੀ ਰਿਪੋਰਟਾਂ ਬਣਾਉਣ ਦੇ ਮਾਮਲੇ 'ਚ ਦੋ ਕਾਬੂ

ਲੁਧਿਆਣਾ, 19 ਅਕਤੂਬਰ (ਪਰਮਿੰਦਰ ਸਿੰਘ ਆਹੂਜਾ)-ਥਾਣਾ ਸਲੇਮ ਟਾਬਰੀ ਦੀ ਪੁਲਿਸ ਨੇ ਅਸਲਾ ਲਾਇਸੰਸ ਲਈ ਲੋੜੀਂਦੀ ਡੋਪ ਟੈੱਸਟ ਰਿਪੋਰਟ ਬਣਾਉਣ ਦੇ ਮਾਮਲੇ 'ਚ ਵੱਡੇ ਪੱਧਰ 'ਤੇ ਫਰਜ਼ੀਵਾੜਾ ਚਲਾ ਰਹੇ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਇਹ ਨੌਜਵਾਨ ਅਸਲਾ ਲਾਇਸੰਸ ਧਾਰਕਾਂ ਦੀਆਂ ਨਕਲੀ ਡੋਪ ਟੈੱਸਟ ਰਿਪੋਰਟਾਂ ਬਣਾ ਕੇ ਉਨ੍ਹਾਂ ਪਾਸੋਂ ਮੋਟੀਆਂ ਰਕਮਾਂ ਵਸੂਲਦੇ ਸਨ। ਜਾਣਕਾਰੀ ਦਿੰਦਿਆਂ ਏ.ਡੀ.ਸੀ.ਪੀ. ਸਮੀਰ ਵਰਮਾ ਨੇ ਦੱਸਿਆ ਕਿ ਕਾਬੂ ਕੀਤੇ ਗਏ ਕਥਿਤ ਦੋਸ਼ੀਆਂ 'ਚ ਰਾਮ ਕੁਮਾਰ ਵਾਸੀ ਨੇੜੇ ਸਿਵਲ ਹਸਪਤਾਲ ਅਤੇ ਅਵਤਾਰ ਸਿੰਘ ਸ਼ਾਮਿਲ ਹਨ। ਇਹ ਦੋਵੇਂ ਸਿਵਲ ਹਸਪਤਾਲ ਦੀ ਪ੍ਰਯੋਗਸ਼ਾਲਾ ਵਿਚ ਬਤੌਰ ਸਹਾਇਕ ਕੰਮ ਕਰਦੇ ਹਨ ਅਤੇ ਲੋਕਾਂ ਪਾਸੋਂ ਮੋਟੀਆਂ ਰਕਮਾਂ ਲੈ ਕੇ ਉਨ੍ਹਾਂ ਦੀਆਂ ਨਕਲੀ ਡੋਪ ਟੈੱਸਟ ਰਿਪੋਰਟਾਂ ਦਿੰਦੇ ਸਨ। ਬੀਤੇ ਦਿਨ ਜਦੋਂ ਅਸਲਾ ਲਾਇਸੰਸ ਸ਼ਾਖਾ ਦੇ ਏ.ਸੀ.ਪੀ. ਪਾਸ ਦੋ ਨੌਜਵਾਨ ਅਸਲਾ ਬਣਾਉਣ ਲਈ ਆਏ ਤਾਂ ਉਨ੍ਹਾਂ ਨਾਲ ਲੱਗੀ ਡੋਪ ਟੈੱਸਟ ਰਿਪੋਰਟ ਦੇ ਨਕਲੀ ਹੋਣ ਬਾਰੇ ਅਧਿਕਾਰੀ ਨੂੰ ਸ਼ੱਕ ਹੋਇਆ। ਪਹਿਲਾਂ ਤਾਂ ਅਧਿਕਾਰੀਆਂ ਵਲੋਂ ਇਹਨਾਂ ਨੌਜਵਾਨਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਅਤੇ ਇਸ ਮਾਮਲੇ ਦੀ ਪੂਰੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਜਾਂਚ ਦੌਰਾਨ ਕਈ ਹੈਰਾਨੀਜਨਕ ਤੱਥ ਸਾਹਮਣੇ ਆਏ ਅਤੇ ਜਿਸ ਆਧਾਰ 'ਤੇ ਪੁਲਿਸ ਵਲੋਂ ਹੁਣ ਇਹ ਦੋਵਾਂ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਪੁਲਿਸ ਨੇ ਇਹਨਾਂ ਦੇ ਕਬਜ਼ੇ ਵਿਚੋਂ ਨਕਲੀ ਮੋਹਰਾਂ, ਕੁੱਝ ਫਾਈਲਾਂ ਅਤੇ ਕਾਰ ਬਰਾਮਦ ਕੀਤੀ ਹੈ। ਇਹ ਕਥਿਤ ਦੋਸ਼ੀ ਬੀਤੀ ਰਾਤ ਭੱਟੀਆਂ ਵੱਲ ਆਪਣੀ ਕਾਰ 'ਤੇ ਜਾ ਰਹੇ ਸਨ ਕਿ ਪੁਲਿਸ ਨੇ ਇਹਨਾਂ ਨੂੰ ਕਾਬੂ ਕਰ ਲਿਆ। ਇਹਨਾਂ ਖ਼ਿਲਾਫ਼ ਵੱਖ-ਵੱਖ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਤੇ ਪੁੱਛ ਪੜਤਾਲ ਕੀਤੀ ਜਾ ਰਹੀ ਹੈ, ਕਈ ਹੋਰ ਪ੍ਰਗਟਾਵੇ ਹੋਣ ਦੀ ਸੰਭਾਵਨਾ ਹੈ।



# ਕੱਲ੍ਹ ਰਿਲੀਜ਼ ਲਈ ਪੂਰੀ ਤਰ੍ਹਾਂ ਤਿਆਰ ਹੈ ਫ਼ਿਲਮ 'ਗੋਡੇ ਗੋਡੇ ਚਾਅ 2'

ਜਲੰਧਰ, 19 ਅਕਤੂਬਰ (ਅਜੀਤ ਬਿਊਰੋ)-ਜ਼ੀ ਸਟੂਡੀਓਜ਼ ਵਲੋਂ ਵੀ.ਐਚ. ਐਂਟਰਟੇਨਮੈਂਟ ਦੇ ਨਾਲ ਮਿਲ ਕੇ ਇਸ ਦੀਵਾਲੀ 'ਵੀਕਐਂਡ' ਉਤੇ 21 ਅਕਤੂਬਰ, 2025 ਨੂੰ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਪੰਜਾਬੀ 'ਫੈਮਿਲੀ ਐਂਟਰਟੇਨਰ' ਫਿਲਮ 'ਗੋਡੇ ਗੋਡੇ ਚਾਅ 2' ਰਿਲੀਜ਼ ਕੀਤੀ ਜਾ ਰਹੀ ਹੈ। ਫਿਲਮ 'ਚ ਐਮੀ ਵਿਰਕ, ਤਾਨੀਆ, ਗੁਰਜੈਜ਼, ਗੀਤਾਂਜ਼ ਬਿੰਦਰਾਖੀਆ, ਨਿਕੀਤ ਢਿੱਲੋਂ, ਅਮ੍ਰਿਤ ਐਂਬੀ, ਮਿੰਟੂ ਕਾਪਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਰੁਪਿੰਦਰ ਰੂਪੀ ਤੇ ਗੁਰਪ੍ਰੀਤ ਭੰਗੂ ਅਹਿਮ ਭੂਮਿਕਾਵਾਂ 'ਚ ਨਜ਼ਰ ਆਉਣਗੇ।ਮਸ਼ਹੂਰ ਲੇਖਕ ਜਗਦੀਪ ਸਿੱਧੂ ਵਲੋਂ ਲਿਖੀ ਅਤੇ ਵਿਜੈ ਕੁਮਾਰ ਅਰੋੜਾ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਹਰ ਉਮਰ ਦੇ ਦਰਸ਼ਕਾਂ ਲਈ ਹਾਸਾ, ਜਜ਼ਬਾਤ ਅਤੇ ਪੁਰਾਣੀਆਂ ਯਾਦਾਂ ਵਾਪਸ ਲਿਆਉਣ ਦਾ ਵਾਅਦਾ ਕਰਦੀ ਹੈ। ਕਹਾਣੀ ਪਹਿਲੀ ਫਿਲਮ 'ਗੋਡੇ ਗੋਡੇ ਚਾਅ' ਦੀ ਵਿਰਾਸਤ ਨੂੰ ਖੂਬਸੂਰਤੀ ਨਾਲ ਅੱਗੇ ਵਧਾਉਂਦੀ ਹੈ, ਜਿਸ ਨੂੰ ਸਰਬੋਤਮ ਪੰਜਾਬੀ ਫਿਲਮ ਦਾ ਕੌਮੀ ਐਵਾਰਡ ਮਿਲਿਆ ਸੀ। ਫਿਲਮ ਦਾ ਸੰਗੀਤ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਛਾਇਆ ਹੋਇਆ ਹੈ। ਇਸ ਦੇ ਗੀਤ ਹਰ ਪਲੇਟਫਾਰਮ 'ਤੇ ਟ੍ਰੈਂਡ ਕਰ ਰਹੇ ਹਨ ਅਤੇ ਹਰ ਉਮਰ ਦੇ ਦਰਸ਼ਕਾਂ ਦੇ ਦਿਲਾਂ ਨੂੰ ਜਿੱਤ ਰਹੇ ਹਨ। ਆਪਣੀ ਸ਼ਾਨਦਾਰ ਕਾਸਟ, ਦਿਲ ਨੂੰ ਛੂਹਣ ਵਾਲੇ ਸੰਗੀਤ ਅਤੇ ਜ਼ਜਬਾਤੀ ਕਹਾਣੀ ਨਾਲ 'ਗੋਡੇ ਗੋਡੇ ਚਾਅ 2' ਇਸ ਤਿਉਹਾਰ ਦੇ ਮੌਕੇ ਨੂੰ ਖੁਸ਼ੀ ਨਾਲ ਰੌਸ਼ਨ ਕਰਨ ਲਈ ਤਿਆਰ ਹੈ।

# ਸੁਪਰੀਮ ਕੋਰਟ ਵਲੋਂ ਗਰੀਬ ਵਿਚਾਰ ਅਧੀਨ ਕੈਦੀਆਂ ਦੀ ਜ਼ਮਾਨਤ ਰਾਸ਼ੀ ਦੇ ਭੁਗਤਾਨ 'ਤੇ ਸੋਧਿਆ ਹੋਇਆ ਐਸ.ਓ.ਪੀ. ਜਾਰੀ

ਨਵੀਂ ਦਿੱਲੀ, 19 ਅਕਤੂਬਰ (ਪੀ. ਟੀ. ਆਈ.)-ਸੁਪਰੀਮ ਕੋਰਟ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੀਂ ਰਾਜ ਸਰਕਾਰਾਂ ਦੁਆਰਾ ਗਰੀਬ ਵਿਚਾਰ ਅਧੀਨ ਕੈਦੀਆਂ ਦੀ ਜ਼ਮਾਨਤ ਰਾਸ਼ੀ ਦੇ ਭੁਗਤਾਨ ਲਈ ਮਿਆਰੀ ਸੰਚਾਲਨ ਪ੍ਰਕਿਰਿਆ ਵਿਚ ਸੋਧ ਕੀਤੀ ਹੈ। ਜਸਟਿਸ ਐਮ.ਐਮ. ਸੁੰਦਰੇਸ਼ ਤੇ ਸਤੀਸ਼ ਚੰਦਰ ਸ਼ਰਮਾ ਦੇ ਬੈਂਚ ਨੇ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਤੇ ਐਮੀਕਸ ਕਿਊਰੀ ਸੀਨੀਅਰ ਵਕੀਲ ਸਿਧਾਰਥ ਲੂਥਰਾ ਦੁਆਰਾ ਦਿੱਤੇ ਗਏ ਸੁਝਾਅ ਨੂੰ ਸਵੀਕਾਰ ਕਰਦੇ ਹੋਏ ਇਹ ਆਦੇਸ਼ ਦਿੱਤਾ। ਸਿਖਰਲੀ ਅਦਾਲਤ ਨੇ ਪਿਛਲੇ ਸਾਲ 13 ਫਰਵਰੀ ਨੂੰ ਜਾਰੀ ਕੀਤੇ ਗਏ ਆਪਣੇ ਪਹਿਲਾਂ ਦੇ ਐਸ.ਓ.ਪੀ. 'ਚ ਕੁਝ ਸੋਧਾਂ ਕੀਤੀਆਂ ਤੇ ਹੁਕਮ ਦਿੱਤਾ ਕਿ ਇੱਕ ਅਧਿਕਾਰਤ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿਚ ਜ਼ਿਲ੍ਹਾ ਕੁਲੈਕਟਰ ਜਾਂ ਜ਼ਿਲ੍ਹਾ ਮੈਜਿਸਟਰੇਟ, ਡੀ.ਐਲ.ਐਸ.ਏ. ਦੇ ਸਕੱਤਰ, ਪੁਲਿਸ ਸੁਪਰਡੈਂਟ, ਸਬੰਧਤ ਜੇਲ੍ਹ ਦੇ ਸੁਪਰਡੈਂਟ/ਡਿਪਟੀ ਸੁਪਰਡੈਂਟ ਅਤੇ ਸਬੰਧਤ ਜੇਲ੍ਹ ਦੇ ਇੰਚਾਰਜ ਜੱਜ ਸ਼ਾਮਿਲ ਹੋਣਗੇ। ਇਸ ਵਿਚ ਕਿਹਾ ਗਿਆ ਹੈ ਕਿ ਡੀ.ਐਲ.ਐਸ.ਏ. ਸਕੱਤਰ ਅਧਿਕਾਰਤ ਕਮੇਟੀ ਦੀਆਂ ਮੀਟਿੰਗਾਂ ਦੇ ਕਨਵੀਨਰ ਹੋਣਗੇ। ਸਿਖਰਲੀ ਅਦਾਲਤ ਨੇ ਕਿਹਾ ਕਿ ਜੇਕਰ ਜ਼ਮਾਨਤ ਦੇਣ ਵਾਲੇ ਕੈਦੀ ਨੂੰ ਜ਼ਮਾਨਤ ਦੇਣ ਦੇ ਹੁਕਮ ਦੇ ਸੱਤ ਦਿਨਾਂ ਦੇ ਅੰਦਰ ਜੇਲ੍ਹ ਤੋਂ ਰਿਹਾਅ ਨਹੀਂ ਕੀਤਾ ਜਾਂਦਾ ਹੈ, ਤਾਂ ਜੇਲ੍ਹ ਅਥਾਰਟੀ ਨੂੰ ਸਕੱਤਰ, ਡੀ.ਐਲ.ਐਸ.ਏ. ਨੂੰ ਸੂਚਿਤ ਕਰਨਾ ਚਾਹੀਦਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜਾਣਕਾਰੀ ਪ੍ਰਾਪਤ ਹੋਣ 'ਤੇ ਡੀ.ਐਲ.ਐਸ.ਏ. ਸਕੱਤਰ ਇਹ ਪੁਸ਼ਟੀ ਕਰੇਗਾ ਕਿ ਕੀ ਵਿਚਾਰ ਅਧੀਨ ਕੈਦੀ ਦੇ ਬਚਤ ਖਾਤੇ ਵਿਚ ਫੰਡ ਹਨ ਤੇ ਜੇਕਰ ਨਹੀਂ, ਤਾਂ ਪੰਜ ਦਿਨਾਂ ਦੇ ਅੰਦਰ ਡੀ.ਐਲ.ਐਸ.ਏ. ਨੂੰ ਇੱਕ ਬੇਨਤੀ ਭੇਜੀ ਜਾਵੇਗੀ।




ੴ ਵਾਹਿਗੁਰੂ ਜੀ ਕੀ ਫ਼ਤਹ॥

ਦੇਸ਼ ਵਿਦੇਸ਼ 'ਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ

ਬੰਦੀ ਛੋੜ ਦਿਵਸ

ਦੀਆਂ

ਹਾਰਦਿਕ ਵਧਾਈਆਂ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ੫ ਕੱਤਕ, ਸੰਮਤ ਨਾਨਕਸ਼ਾਹੀ ੫੫੭ (21 ਅਕਤੂਬਰ 2025) ਨੂੰ ਮਨਾਇਆ ਜਾ ਰਿਹਾ ਹੈ।

ਸਮਾਗਮਾਂ ਦਾ ਵੇਰਵਾ

- ਗੁਰਮਤਿ ਸਮਾਗਮ: 20, 21 ਤੇ 22 ਅਕਤੂਬਰ 2025 ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਧਾਰਮਿਕ ਦੀਵਾਨ ਸਜਣਗੇ, ਜਿਸ ਵਿਚ ਢਾਡੀ, ਕਵੀਸ਼ਰ ਜਥੇ ਤੇ ਪ੍ਰਚਾਰਕ ਸੰਗਤਾਂ ਨੂੰ ਗੁਰ-ਇਤਿਹਾਸ ਸਰਵਣ ਕਰਵਾਉਣਗੇ।
- ਅੰਮ੍ਰਿਤ ਸੰਚਾਰ: 21 ਅਕਤੂਬਰ 2025 ਨੂੰ ਦੁਪਹਿਰ 12:00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ।

ਬੰਦੀ ਛੋੜ ਦਿਵਸ ਵਾਲੇ ਦਿਨ 21 ਅਕਤੂਬਰ 2025 ਨੂੰ ਸ਼ਾਮ ਦੇ 5:00 ਵਜੇ ਦਰਸ਼ਨੀ ਡਿਉੜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਿੱਖ ਕੌਮ ਦੇ ਨਾਮ ਸੰਦੇਸ਼ ਦੇਣਗੇ।

ਸਮੂਹ ਸੰਗਤਾਂ ਨੂੰ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਹੈ।

ਗੁਰੂ ਪੰਥ ਦਾ ਦਾਸ,
ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ:- ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।



ਸਿਰਲੇਖਵਾਰ ਇਸ਼ਤਿਹਾਰ Classified Advertisement

ਵਰ ਦੀ ਲੋੜ
Groom Wanted

ਜੱਟ ਸਿੱਖ Govt. Teacher ਤਲਾਕਸ਼ੁਦਾ ਲੜਕੀ 1996, 5'-5" BA, B.Ed., MA (ENG) ਲਈ ਵਧੀਆ ਪਰਿਵਾਰ ਦੀ ਲੋੜ। Upper Caste Welcome. 83601-14860.
...........................21w

ਖੂਬਸੂਰਤ ਜੱਟ ਸਿੱਖ ਕੈਨੇਡਾ ਪੀ.ਆਰ. ਲੜਕੀ 2001/5'-8", B.Sc. Nursing (RN) ਇਕਲੌਤੀ 18 Acre's Land ਲਈ ਵਧੀਆ ਲੜਕੇ ਦੀ ਲੋੜ। 80541-80294.
...........................21w

ਜੱਟ ਸਿੱਖ ਕੈਨੇਡਾ ਪੀ.ਆਰ. ਲੜਕੀ 2001/5'-7", B.Sc. Nursing, NCLEX Clear, Registered Nurse ਲਈ ਵਧੀਆ ਪਰਿਵਾਰ ਦੀ ਲੋੜ। 98762-46527.
...........................19w

ਵਰ ਦੀ ਲੋੜ
Groom Wanted

ਸੈਣੀ ਸਿੱਖ ਬਾਂਝ ਤਲਾਕਸ਼ੁਦਾ ਲੜਕੀ 1992, 5'-4", +2, Own Boutique ਲਈ ਬੱਚੇ ਵਾਲੇ ਪਰਿਵਾਰ ਦੀ ਲੋੜ। 98141-58021.
...........................17w

ਰਾਮਦਾਸੀਆ ਸਿੱਖ ਕੈਨੇਡਾ ਪੀ.ਆਰ. ਲੜਕੀ 2002, 5'-7", B.Sc. Nursing (Canada) NCLEX Clear Test, Registered Nurse ਲਈ ਵਧੀਆ Indian/ਵਿਦੇਸ਼ੀ ਪਰਿਵਾਰ ਦੀ ਲੋੜ, ਲੜਕੀ India ਆਈ ਹੈ। Caste no bar. 90563-63382.
...........................30w

ਮਜ਼੍ਹਬੀ ਸਿੱਖ ਕੈਨੇਡਾ ਪੀ.ਆਰ. ਲੜਕੀ 2002, 5'-6", B.Sc. IT (Canada) ਲਈ ਵਧੀਆ ਪਰਿਵਾਰ ਦੀ ਲੋੜ। 98555-11185
...........................16w



ਸੂਚਨਾ
Notice

ਬੇਦਖਲੀ ਨੋਟਿਸ
Disinherit Notice

ਮੈਂ ਗੁਰਜੀਤ ਰਾਮ ਪੁੱਤਰ ਖਾਨ ਰਾਮ ਵਾਸੀ ਰੂੜੇਕੇ ਕਲਾਂ (ਬਰਨਾਲਾ) ਆਪਣੇ ਪੁੱਤਰ ਅਰਜਨ ਰਾਮ ਨੂੰ ਆਪਣੀ ਅਚੱਲ ਵਾ ਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਸੰਬੰਧਿਤ ਨੋਟ ਕਰਨ।
...........................27w



ਇਲਾਜ
Medical

ਇਲਾਜ
Medical

125 ਸਾਲਾ ਪੁਰਾਣਾ ਸ਼ਾਹੀ ਦਵਾਖਾਨਾ (ਰਜਿ:) ਮਰਦਾਨਾ ਕਮਜ਼ੋਰੀ ਅਤੇ ਗੁਪਤ ਰੋਗ ਦੇ ਮਾਹਿਰ ਮਿਲੋ ਮੰਗਵਾਓ। ਸੰਗਰੂਰ 98157-22122.
...........................17w

ਸੂਚਨਾ

ਇਸ਼ਤਿਹਾਰ ਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ 'ਤੇ 7 ਦਿਨਾਂ ਦੇ ਅੰਦਰ ਮੁੱਖ ਦਫ਼ਤਰ ਸੰਪਰਕ ਕੀਤਾ ਜਾਵੇ। ਇਸ ਤੋਂ ਬਾਅਦ ਕੀਤੇ ਕਿਸੇ ਵੀ ਦਾਅਵੇ ਦਾ ਮੁੱਖ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ।
-ਇਸ਼ਤਿਹਾਰ ਮੈਨੇਜਰ

ਪਸ਼ੂਆਂ ਦਾ ਇਲਾਜ
Animal Treatment

ਬੰਦ ਥਣ ਚਾਲੂ, ਫਿਰਨ ਤੋਂ ਰੋਕਣ, ਭਾਰ ਪੈਣਾ, 900-1400, ਨਵੇਂ ਦੁੱਧ 300/-, ਸਿਰੀਰਾਮ ਹਸਪਤਾਲ, ਫਰੀਦਕੋਟ, 98143-32202.
...........................18w

ਪਾਠਕਾਂ ਦੇ ਧਿਆਨ ਹਿਤ

ਪਾਠਕਾਂ ਨੂੰ ਬੇਨਤੀ ਹੈ ਕਿ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਕਦਮ ਚੁੱਕਣ (ਧਨ ਭੇਜਣ, ਡਾਕਟਰੀ ਸਲਾਹ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ) ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ। ਕਿਸੇ ਉਤਪਾਦ/ਸੇਵਾਵਾਂ/ ਰਿਸ਼ਤੇ ਅਤੇ ਵਿਆਹ ਦੇ ਸਬੰਧ ਵਿਚ ਕੀਤੇ ਕਿਸੇ ਇਸ਼ਤਿਹਾਰਦਾਤਾ ਦੇ ਕਿਸੇ ਤਰ੍ਹਾਂ ਦੇ ਦਾਅਵਿਆਂ ਤੇ ਵਾਅਦਿਆਂ ਲਈ 'ਅਜੀਤ' ਜ਼ਿੰਮੇਵਾਰ ਨਹੀਂ ਹੋਵੇਗਾ। 'ਅਜੀਤ' ਕਿਸੇ ਇਸ਼ਤਿਹਾਰ ਦੇ ਸਬੰਧ ਵਿਚ ਚੁੱਕੇ ਕਿਸੇ ਕਦਮ ਦੇ ਨਤੀਜੇ ਅਤੇ ਇਸ਼ਤਿਹਾਰਦਾਤਾਵਾਂ ਦੇ ਆਪਣੇ ਵਾਅਦਿਆਂ 'ਤੇ ਖਰਾ ਨਾ ਉਤਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।


CMYK